# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

ਵੱਲ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)।
2. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)।
3. ਰਾਜ ਦੇ ਸਮੂਹ ਡੀ.ਆਰ.ਪੀ.(ਟੈਕਸਟ-ਬੁੱਕ)।
4. ਰਾਜ ਦੇ ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)।

ਮੀਮੋ ਨੰ:ਸਸਅ/ਐਮਸੀ/2011/ 91014-91074
ਮਿਤੀ,ਚੰਡੀਗੜ੍ਹ 14-11-2011

ਵਿਸ਼ਾ :- ਐਕਟੀਵਿਟੀ ਨੋਟ ਬੁੱਕ ਸਬੰਧੀ।

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਸਕੂਲ ਸਿੱਖਿਆ ਵਿਭਾਗ, ਪੰਜਾਬ ਵੱਲੋਂ ਸਮੂਹ ਸਰਕਾਰੀ ਸਕੂਲਾਂ ਵਿੱਚ ਜਮਾਤ ਛੇਵੀਂ ਤੋਂ ਅੱਠਵੀਂ ਤੱਕ ਮੈਥ ਵਿਸ਼ੇ ਦੀਆਂ ਐਕਟੀਵਿਟੀ ਨੋਟ ਬੁੱਕਸ ਪਹੁੰਚ ਚੁੱਕੀਆਂ ਹਨ ਪਰ ਮੁੱਖ ਦਫ਼ਤਰ ਦੇ ਧਿਆਨ ਵਿੱਚ ਆਇਆ ਹੈ ਕਿ ਕਈ ਸਕੂਲਾਂ ਵਿੱਚ ਮੈਥ ਵਿਸ਼ੇ ਦੀਆਂ ਐਕਟੀਵਿਟੀਜ਼ ਨੋਟ ਬੁੱਕਸ ਵਿਦਿਆਰਥੀਆਂ ਦੀ ਗਿਣਤੀ ਤੋਂ ਵੱਧ ਹਨ ਅਤੇ ਕਈ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਤੋਂ ਘੱਟ ਹਨ।

3.0 ਇਸ ਲਈ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਸਮੂਹ ਡੀ.ਆਰ.ਪੀ. (ਟੈਕਸਟ ਬੁੱਕ) ਨੂੰ ਹਦਾਇਤ ਕੀਤੀ ਜਾਵੇ ਕਿ ਜਿਨ੍ਹਾਂ ਸਕੂਲਾਂ ਵਿੱਚ ਇਹ ਐਕਟੀਵਿਟੀ ਨੋਟ ਬੁੱਕਸ ਵਿਦਿਆਰਥੀਆਂ ਦੀ ਗਿਣਤੀ ਤੋਂ ਵੱਧ ਹਨ ਉਨ੍ਹਾਂ ਤੋਂ ਵਾਪਿਸ ਲੈ ਕੇ ਜਿਨ੍ਹਾਂ ਸਕੂਲਾਂ ਵਿੱਚ ਘੱਟ ਹਨ ਉਥੇ ਡਿਮਾਂਡ ਦੇ ਮੁਤਾਬਿਕ ਪਹੁੰਚਾਉਣਾ ਯਕੀਨੀ ਬਣਾਇਆ ਜਾਵੇ ਅਤੇ ਇਹ ਧਿਆਨ ਰੱਖਿਆ ਜਾਵੇ ਕਿ ਕੋਈ ਵੀ ਉਕਤ ਨੋਟ ਬੁੱਕਸ ਬੀ.ਪੀ.ਓ.ਲੈਵਲ ਤੇ ਨਾ ਰਹਿ ਜਾਵੇ। ਇਸ ਤੋਂ ਇਲਾਵਾ ਜੇਕਰ ਨੇੜਲੇ ਜ਼ਿਲ੍ਹੇ ਵਿੱਚ ਛੇਵੀਂ, ਸੱਤਵੀਂ ਜਾਂ ਅੱਠਵੀਂ ਜਮਾਤਾਂ ਦੀਆਂ ਕੁੱਝ ਐਕਟੀਵਿਟੀਜ਼ ਨੋਟ ਬੱਕਸ ਵਾਧੂ ਪਈਆਂ ਹੋਣ ਤਾਂ ਸਬੰਧਤ ਡੀ.ਆਰ.ਪੀ.(ਟੈਕਸਟ ਬੁੱਕਸ) ਨਾਲ ਸੰਪਰਕ ਕਰਕੇ ਆਪਣੇ ਜ਼ਿਲ੍ਹੇ ਵਿੱਚ ਮੰਗਵਾਕੇ ਲੋੜ ਮੁਤਾਬਿਕ ਸਮੂਹ ਸਕੂਲਾਂ ਵਿੱਚ ਵੰਡੀ ਜਾ ਸਕੇ ਤਾਂ ਜੋ ਵਿਦਿਆਰਥੀ ਇਸ ਤੋਂ ਲਾਭ ਉਠਾ ਸਕਣ।

4.0 ਇਸ ਸਬੰਧੀ ਫੀਲਡ ਅਤੇ ਡੀ.ਆਰ.ਪੀ.(ਟੈਕਸਟ ਬੁੱਕਸ) ਤੋਂ ਪ੍ਰਾਪਤ ਸੂਚਨਾ ਮੁਤਾਬਿਕ ਕੁੱਝ ਜ਼ਿਲ੍ਹਿਆਂ ਵਿੱਚ ਗਿਣਤੀ ਹੇਠ ਲਿਖੀ ਗਿਣਤੀ ਅਨੁਸਾਰ ਕਿਤਾਬਾਂ ਵਾਧੂ ਪਈਆਂ ਹਨ।।

| ਲੜੀ ਨੰ: | ਜਿੱਥੋਂ ਕਿਤਾਬਾਂ ਵੰਡੀਆਂ ਜਾ ਸਕਦੀਆਂ ਹਨ। | ਜਿੱਥੇ ਕਿਤਾਬਾਂ ਵੰਡਣੀਆਂ/ਭੇਜੀਆਂ ਜਾ ਸਕਦੀਆਂ ਹਨ। |
|---|---|---|
| 1. | ਹੁਸ਼ਿਆਰਪੁਰ ਵਿੱਚ 3054 ਅੱਠਵੀਂ ਦੀ ਐਕਟੀਵਿਟੀ ਬੁੱਕਸ ਵਾਧੂ ਹਨ। | ਲੁਧਿਆਣਾ ਵਿੱਚ 1353, ਮਾਨਸਾ 1476, ਫਰੀਦਕੋਟ 159 ਅਤੇ ਮੋਗਾ 65 |
| 2. | ਜਲੰਧਰ ਵਿੱਚ 4122 ਅੱਠਵੀਂ ਜਮਾਤ ਐਕਟੀਵਿਟੀ ਨੋਟ ਬੁੱਕਸ ਵਾਧੂ ਹਨ। | ਸ਼੍ਰੀ ਮੁਕਤਸਰ ਸਾਹਿਬ 1497, ਸ਼ਹੀਦ ਭਗਤ ਸਿੰਘ ਨਗਰ 187, ਪਟਿਆਲਾ 1182, ਫਰੀਦਕੋਟ 159, ਫਤਿਹਗੜ੍ਹ ਸਾਹਿਬ 382, ਰੂਪਨਗਰ 180 |

4.1 ਦੂਸਰੇ ਜ਼ਿਲ੍ਹੇ ਤੋਂ ਕਿਤਾਬਾਂ ਪ੍ਰਾਪਤ ਕਰਨ ਵਾਲੇ ਜ਼ਿਲ੍ਹੇ ਵਿੱਚੋਂ ਕਿਤਾਬਾਂ ਮੰਗਵਾਉਣ ਲਈ ਲੋੜੀਂਦਾ ਜਾਇਜ਼ ਖਰਚਾ ਜ਼ਿਲ੍ਹਾ ਪੱਧਰ ਤੇ ਮੈਨੇਜਮੈਂਟ ਕਾਸਟ ਵਿੱਚੋਂ ਕੀਤਾ ਜਾ ਸਕਦਾ ਹੈ।

5.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ,ਚੰਡੀਗੜ੍ਹ